# ਵਿਲੱਖਣ ਸਮਰਥਾ ਵਾਲੇ ਵਿਦਿਆਰਥੀਆਂ ਲਈ

## ਮਾਡਲ ਟੈਸਟ ਪੇਪਰ

## ਰਾਜਨੀਤੀ ਸ਼ਾਸਤਰ–XII

## 2020-21

**ਸਮਾਂ: 3 ਘੰਟੇ** | **ਲਿਖਤੀ: 80 ਅੰਕ**

**ਅੰਦਰੂਨੀ ਮੁਲਾਂਕਣ: 20 ਅੰਕ**

**ਕੁੱਲ: 100 ਅੰਕ**

ਨੋਟ:

1. ਪ੍ਰਸ਼ਨ ਪੱਤਰ ਦੇ ਤਿੰਨ ਮੁੱਖ ਭਾਗ ਹਨ। ਇਹਨਾਂ ਵਿੱਚ ਪ੍ਰਸ਼ਨਾਂ ਦੀ ਕੁੱਲ ਗਿਣਤੀ 38 ਹੈ ਜਿਨ੍ਹਾਂ ਵਿੱਚੋਂ 32 ਪ੍ਰਸ਼ਨ ਹੱਲ ਕਰਨੇ ਹਨ।
2. ਭਾਗ – ੳ ਵਿੱਚ 20 ਪ੍ਰਸ਼ਨ ਲਾਜ਼ਮੀ ਹਨ। ਹਰੇਕ 2 ਅੰਕ ਦਾ ਹੈ। ਇਨ੍ਹਾਂ ਵਿੱਚ ਬਹੁ–ਵਿਕਲਪੀ ਅਤੇ ਇੱਕ ਸ਼ਬਦ ਤੋਂ ਵਾਕ ਵਿੱਚ, ਖਾਲੀ ਥਾਂ ਜਾਂ ਠੀਕ/ਗ਼ਲਤ ਕਿਸਮ ਦੇ ਹਨ। (20 × 2 = 40)
3. ਭਾਗ – ਅ ਵਿੱਚ 12 ਪ੍ਰਸ਼ਨ ਹਨ ਅਤੇ 8 ਹੱਲ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ 3 ਅੰਕਾਂ ਦਾ ਹੈ। ਹਰੇਕ ਪ੍ਰਸ਼ਨ ਦਾ ਉੱਤਰ 2–3 ਵਾਕਾਂ ਵਿੱਚ ਹੋ ਸਕਦਾ ਹੈ। (8 × 3 = 24)
4. ਭਾਗ – ੲ ਵਿੱਚ 6 ਪ੍ਰਸ਼ਨ ਹਨ ਅਤੇ 4 ਹੱਲ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ 4 ਅੰਕਾਂ ਦਾ ਹੈ। ਹਰ ਉੱਤਰ 4 ਤੋਂ 5 ਵਾਕਾਂ ਵਿੱਚ ਹੋ ਸਕਦਾ ਹੈ। (4 × 4 = 16)

### ਭਾਗ – ੳ

(20 × 2 = 40)

ਨੋਟ: ਸਾਰੇ ਪ੍ਰਸ਼ਨ ਜ਼ਰੂਰੀ ਹਨ।

1) **‘ Political Science ’ ਨਾਂ ਦੀ ਪੁਸਤਕ 1963 ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਦਾ ਲੇਖਕ ਕੌਣ ਹੈ?**
   (i) ਰਾਬਰਟ ਏ. ਡਾਹਲ (ii) ਜੀ.ਏ. ਆਲਮੰਡ
   (iii) ਡੇਵਿਡ ਈਟਸਨ (iv) ਜੌਹਨ ਸਟੂਅਰਟ

2) **ਨੌਕਰਸ਼ਾਹੀ ਨੂੰ ਹੋਰ ਕੀ ਕਿਹਾ ਜਾਂਦਾ ਹੈ?**
   (i) ਅਸੈਨਿਕ ਸੇਵਾਵਾਂ (ii) ਲੋਕ ਸੇਵਾਵਾਂ
   (iii) ਪ੍ਰਸ਼ਾਸਨ ਦੀ ਰੀੜ ਦੀ ਹੱਡੀ (iv) ਉਪਰੋਕਤ ਸਾਰੇ

3) **ਹੇਠ ਲਿਖਿਆਂ ਵਿੱਚੋਂ ਕਿਹੜੀ ਵਿਸ਼ੇਸ਼ਤਾ ਰਾਜਨੀਤਿਕ ਦਲਾਂ ਦੀ ਨਹੀਂ ਹੈ?**
   (i) ਸੰਪ੍ਰਦਾਇਕ ਆਧਾਰ (ii) ਸੰਵਿਧਾਨਿਕ ਗਤੀਵਿਧੀਆਂ ਵਿੱਚ ਵਿਸ਼ਵਾਸ
   (iii) ਮੂਲ ਸਿਧਾਂਤਾ ’ਤੇ ਏਕਤਾ (iv) ਰਾਜਨੀਤਿਕ ਅਤੇ ਆਰਥਿਕ ਆਧਾਰ

4) **ਹੇਠ ਲਿਖਿਆਂ ਵਿੱਚੋਂ ਕਿਹੜੀ ਵਿਧੀ ਦਬਾਓ ਸਮੂਹ ਪ੍ਰਯੋਗ ਨਹੀਂ ਕਰਦੇ?**
   (i) ਬਿਨੈ–ਪੱਤਰ ਦੇਣਾ (ii) ਹੜਤਾਲ
   (iii) ਚੋਣ ਲੜਨਾ (iv) ਲਾਬੀਲਿੰਗ

5) **‘ ਦਾਸ ਕੈਪੀਟਲ ’ ਕਿਸ ਦੀ ਰਚਨਾ ਹੈ?**
   (i) ਫ੍ਰੈਡਰਿਕ ਏਂਜਲਜ਼ (ii) ਸਟਾਲਿਨ
   (iii) ਪਲੈਟੋ (iv) ਕਾਰਲ ਮਾਰਕਸ

6) **‘ Bureau ’ ਸ਼ਬਦ ਕਿਸ ਭਾਸ਼ਾ ਦੇ ਸ਼ਬਦ ਤੋਂ ਲਿਆ ਗਿਆ ਹੈ?**
   (i) ਫ਼ਰਾਂਸੀਸੀ (ii) ਯੂਨਾਨੀ
   (iii) ਲਾਤੀਨੀ (iv) ਅੰਗਰੇਜ਼ੀ

7) **ਹੇਠ ਲਿਖਿਆਂ ਵਿੱਚੋਂ ਕਿਹੜੀ ਵਿਸ਼ੇਸ਼ਤਾ ਸੰਸਦੀ ਸਰਕਾਰ ਦੀ ਨਹੀਂ ਹੈ?**
   (i) ਨਾਂ–ਮਾਤਰ ਅਤੇ ਅਸਲੀ ਕਾਰਜ ਪਾਲਿਕਾ (ii) ਵਿਧਾਨ ਪਾਲਿਕਾ ਅਤੇ ਕਾਰਜ ਪਾਲਿਕਾ ਵਿੱਚ ਗੂੜ੍ਹਾ ਸਬੰਧ
   (iii) ਅਸਲੀ ਕਾਰਜ ਪਾਲਿਕਾ ਦਾ ਨਿਸਚਿਤ ਕਾਰਜ ਕਾਲ (iv) ਰਾਜਨੀਤਿਕ ਇਕਰੂਪਤਾ

8) **ਲੋਕਤੰਤਰ ਵਿੱਚ ਸਰਵਉੱਚ ਸ਼ਕਤੀ ਕਿਸ ਕੋਲ ਹੁੰਦੀ ਹੈ?**
   (i) ਲੋਕਾਂ ਕੋਲ (ii) ਸਰਕਾਰ ਕੋਲ
   (iii) ਨਿਆਂ ਪਾਲਿਕਾ ਕੋਲ (iv) ਉਪਰੋਕਤ ਵਿੱਚੋਂ ਕੋਈ ਨਹੀਂ

9) ਸੰਵਿਧਾਨ ਦੀ ਕਿਹੜੀ ਸੋਧ ਰਾਹੀਂ ਪੰਚਾਇਤੀ ਰਾਜ ਸੰਸਥਾਵਾਂ ਨੂੰ ਸੰਵਿਧਾਨਿਕ ਦਰਜਾ ਪ੍ਰਦਾਨ ਕੀਤਾ ਗਿਆ ਹੈ?
(i) 52ਵੀਂ ਸੋਧ (ii) 65ਵੀਂ ਸੋਧ
(iii) 73ਵੀਂ ਸੋਧ (iv)74ਵੀਂ ਸੋਧ

10) ਸੰਯੁਕਤ ਰਾਸ਼ਟਰ ਦਾ ਮੁੱਖ ਦਫ਼ਤਰ ਕਿੱਥੇ ਸਥਿਤ ਹੈ?
(i) ਨਿਊਯਾਰਕ (ii) ਨਿਊ ਦਿੱਲੀ
(iii) ਸਾਂ ਫ਼ਰਾਂਸਿਸਕੋ (iv) ਪੈਰਿਸ

11) ਰਾਜਨੀਤਿਕ ਪ੍ਰਣਾਲੀ ................. ਨੂੰ ................. ਵਿੱਚ ਬਦਲਣ ਦਾ ਕਾਰਜ ਕਰਦੀ ਹੈ।
12) ਨੌਕਰਸ਼ਾਹੀ ਨੂੰ ਪ੍ਰਸ਼ਾਸਨ ਦੀ .......................... ਦੀ ਹੱਡੀ ਕਿਹਾ ਜਾਂਦਾ ਹੈ।
13) ................. ਭਾਰਤੀ ਲੋਕਤੰਤਰ ਦੀ ਸਫ਼ਲਤਾ ਦੇ ਰਸਤੇ ਵਿੱਚ ਰੁਕਾਵਟ ਹੈ।
14) ਭਾਰਤ ਸੁਰੱਖਿਆ ਪਰਿਸ਼ਦ ਦਾ ਸਥਾਈ ਮੈਂਬਰ ਹੈ। (ਸਹੀ/ਗ਼ਲਤ)
15) ਮਾਰਕਸ ਅਨੁਸਾਰ ਵਾਧ ਮੁੱਲ ਤੇ ਪੂੰਜੀਪਤੀ ਦਾ ਅਧਿਕਾਰ ਹੁੰਦਾ ਹੈ। (ਸਹੀ/ਗ਼ਲਤ)
16) ਦਬਾਉ ਸਮੂਹਾਂ ਦੀ ਮੈਂਬਰੀ ਇੱਛੁਕ ਹੁੰਦੀ ਹੈ। (ਸਹੀ/ਗ਼ਲਤ)
17) ਚੋਣ ਕਮਿਸ਼ਨਰ ਦੀ ਨਿਯੁਕਤੀ ਕੌਣ ਕਰਦਾ ਹੈ?
18) ਸ਼ਿਮਲਾ ਸਮਝੌਤਾ ਕਦੋਂ ਹੋਇਆ ਸੀ?
19) ਸੰਯੁਕਤ ਰਾਸ਼ਟਰ ਸੰਘ ਦੇ ਮੁੱਢਲੇ ਮੈਂਬਰ ਕਿੰਨੇ ਸਨ?
20) ਮਹਾਤਮਾ ਗਾਂਧੀ ਦੇ ਆਦਰਸ਼ ਰਾਜ ਦੀ ਕੋਈ ਇੱਕ ਵਿਸ਼ੇਸ਼ਤਾ ਦੱਸੋ।

## ਭਾਗ – ਅ

(8 × 3 = 24)

**ਨੋਟ: ਹੇਠ ਲਿਖਿਆਂ ਵਿੱਚੋਂ ਕੋਈ 8 ਪ੍ਰਸ਼ਨ ਹੱਲ ਕਰੋ:–**

21) ਰਾਜ ਅਤੇ ਰਾਜਨੀਤਿਕ ਪ੍ਰਣਾਲੀ ਵਿੱਚ ਅੰਤਰ ਦੱਸੋ।
22) ਉਦਾਰਵਾਦ ਦਾ ਸ਼ਬਦੀ ਅਰਥ ਦੱਸੋ।
23) ਇੱਕ–ਦਲੀ ਪ੍ਰਣਾਲੀ ਵਾਲੇ ਕੋਈ ਤਿੰਨ ਦੇਸ਼ਾਂ ਦੇ ਨਾਂ ਦੱਸੋ।
24) ਭਾਰਤੀ ਸੰਸਦੀ ਪ੍ਰਣਾਲੀ ਦੇ ਦੋਸ਼ ਦੱਸੋ।
25) ਭਾਰਤ ਵਿੱਚ ਪਾਏ ਜਾਣ ਵਾਲੇ ਕੋਈ ਤਿੰਨ ਖ਼ੇਤਰੀ ਦਲਾਂ ਦੇ ਨਾਂ ਦੱਸੋ।
26) ਸੰਪ੍ਰਦਾਇਕਤਾ ਦਾ ਭਾਰਤੀ ਰਾਸ਼ਟਰੀ ਏਕੀਕਰਨ ਉੱਤੇ ਕੀ ਪ੍ਰਭਾਵ ਹੈ?
27) 'ਹਿਜਰਤ' ਤੋਂ ਗਾਂਧੀ ਜੀ ਦਾ ਕੀ ਭਾਵ ਹੈ?
28) ਨੌਕਰਸ਼ਾਹੀ ਦੇ ਕੋਈ ਤਿੰਨ ਕਾਰਜ ਦੱਸੋ।
29) ਹਿਤ ਸਮੂਹ ਅਤੇ ਦਬਾਓ ਸਮੂਹ ਵਿੱਚ ਅੰਤਰ ਦੱਸੋ।
30) ਭਾਰਤੀ ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਤਿੰਨ ਸ਼ਰਤਾਂ ਦਾ ਵਰਨਣ ਕਰੋ।
31) ਭਾਰਤ ਦੀ ਸੰਯੁਕਤ ਰਾਸ਼ਟਰ ਵਿੱਚ ਭੂਮਿਕਾ ਦਾ ਵਰਨਣ ਕਰੋ।
32) ਪੰਚਸ਼ੀਲ ਕੀ ਹੈ?

## ਭਾਗ – ੲ

(4 × 4 = 16)

**ਨੋਟ: ਹੇਠ ਲਿਖਿਆਂ ਵਿੱਚੋਂ ਕੋਈ 4 ਪ੍ਰਸ਼ਨ ਹੱਲ ਕਰੋ। ਹਰੇਕ ਉੱਤਰ ਚਾਰ ਤੋਂ ਪੰਜ ਵਾਕਾਂ ਵਿੱਚ ਹੋਵੇ:–**

33) ਉਦਾਰਵਾਦ ਦੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।
34) ਲੋਕਤੰਤਰ ਵਿੱਚ ਵਿਰੋਧੀ ਦਲ ਦੀ ਭੂਮੀਕਾ ਦਾ ਵਰਨਣ ਕਰੋ।
35) ਪੰਚਾਇਤੀ ਰਾਜ ਪ੍ਰਣਾਲੀ ਦੀਆਂ ਕੋਈ ਚਾਰ ਸਮੱਸਿਆਵਾਂ ਲਿਖੋ।
36) ਭਾਰਤ ਦੀ ਵਿਦਸ਼ ਨੀਤੀ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਲਿਖੋ।
37) ਇੱਕ–ਦਲੀ ਤੇ ਦੋ–ਦਲੀ ਪ੍ਰਣਾਲੀ ਦੇ ਦੋ ਦੇਸ਼ਾਂ ਦੇ ਨਾਮ ਲਿਖੋ।
38) ਗੱਟ ਨਿਰਲੇਪਤਾ 'ਤੇ ਨੋਟ ਲਿਖੋ।